ਨੰ:ਟੀ.ਏ./ਡੀ.ਡੀ.ਆਈ./ਡੀ-2/HRMS/ 2019/ 6455

ਪੰਜਾਬ ਸਰਕਾਰ, ਵਿੱਤ ਵਿਭਾਗ

(ਖਜ਼ਾਨਾ ਤੇ ਲੇਖਾ ਸ਼ਾਖਾ)

ਵਿੱਤ ਤੇ ਯੋਜਨਾ ਭਵਨ, ਪਲਾਟ ਨੰ:2 ਬੀ, ਸੈਕਟਰ 33 ਏ, ਚੰਡੀਗੜ੍ਹ।

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਜਿਲ੍ਹਾ ਅਤੇ ਸੈਸ਼ਨ ਜੱਜ ਅਤੇ
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ।।

ਮਿਤੀ ਚੰਡੀਗੜ੍ਹ 2-8-2019

ਵਿਸ਼ਾ: ਐਚ.ਆਰ.ਐਮ.ਐਸ. ਅਧੀਨ ਨਵੇਂ ਮਡਿਊਲ ਮਿਤੀ 30.6.2019 ਤੱਕ ਲਾਗੂ ਕਰਨ ਸਬੰਧੀ- ਮਿਤੀ ਵਿੱਚ ਵਾਧਾ ਕਰਨ ਬਾਰੇ।

ਹਵਾਲਾ ਡਿਪਟੀ ਡਾਇਰੈਕਟਰ (ਪੈਨਸ਼ਨ) ਕਮ ਪ੍ਰੋਜੈਕਟ ਮੈਨੇਜਰ (ਡਬਸ) ਦੇ ਪਿੱ.ਅੰ.ਨੰ. ਡਬਸ HRMS/ 2019/ 1407 ਮਿਤੀ 16.05.2019 ਰਾਹੀਂ ਜਾਰੀ ਹਦਾਇਤਾਂ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਵਾਲਾ ਅਧੀਨ ਪੱਤਰ ਰਾਹੀਂ ਪੰਜਾਬ ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰਾਂ ਨੂੰ ਵਿੱਤ ਵਿਭਾਗ, ਪੰਜਾਬ ਦੇ ਅੰ. ਵਿ. ਪੱਤਰ ਨੰ:ਡਬਸ/ HRMS/2019 1404 ਮਿਤੀ 11.04.2019 ਰਾਹੀਂ ਜਾਰੀ ਹਦਾਇਤਾਂ ਜੋ ਕਿ ਸਮੂਹ ਪ੍ਰਬੰਧਕੀ ਸਕੱਤਰ ਸਹਿਬਾਨਾਂ ਨੂੰ ਸੰਬੋਧਿਤ ਹੈ ਦੀ ਕਾਪੀ ਭੇਜਦੇ ਹੋਏ ਐਨ.ਆਈ.ਸੀ. ਵਲੋਂ ਨਵੇਂ ਤਿਆਰ ਕੀਤੇ ਗਏ ਮਡਿਊਲ ਰੋਲ ਆਊਟ ਕਰ ਦਿੱਤੇ ਜਾਣ ਅਤੇ ਮਿਤੀ 30.06.2019 ਤੋਂ ਬਾਅਦ ਕੇਵਲ ਐਚ.ਆਰ.ਐਮ.ਐਸ. ਤੋਂ ਜਨਰੇਟ ਕੀਤੇ ਬਿਲ ਹੀ accept ਕੀਤੇ ਜਾਣ ਬਾਰੇ ਹਦਾਇਤ ਕੀਤੀ ਗਈ ਸੀ।ਹੁਣ ਐਚ.ਐਰ.ਐਮ.ਐਸ. ਅਧੀਨ ਜੀ.ਪੀ.ਫੰਡ, ਦੇ ਅਡਵਾਂਸ ਦੇ ਬਿਲ ਅਤੇ 90% ਜੀ.ਪੀ.ਫੰਡ ਤੇ ਅੰਤਿਮ ਅਦਾਇਗੀ ਦੇ ਬਿਲਾਂ ਨੂੰ ਐਚ.ਆਰ.ਐਮ.ਐਸ.ਅਧੀਨ ਜਨਰੇਟ ਕਰਨ ਦਾ ਸਮਾਂ ਮਿਤੀ 30.9.2019 ਤੱਕ ਵਧਾਇਆ ਜਾਂਦਾ ਹੈ।

(signature)
ਡਿਪਟੀ ਡਾਇਰੈਕਟਰ (ਪੜਤਾਲ)

ਪਿੱਠ ਅੰਕਣ ਨੰ:ਟੀ.ਏ./ਡੀ.ਡੀ.ਆਈ./ਡੀ-2/HRMS/ 2019/ 6456-57 ਮਿਤੀ 2-8-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ :-

1. ਡਿਪਟੀ ਡਾਇਰੈਕਟਰ, ਜਨਰਲ, ਐਨ.ਆਈ.ਸੀ., ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਨੂੰ ਉਹਨਾ ਵਲੋਂ ਭੇਜੀ ਗਈ ਈਮੇਲ ਮਿਤੀ 28.6.2019 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

2. ਸਮੂਹ ਜਿਲ੍ਹਾ ਖਜਾਨਾ ਅਫਸਰ ਪੰਜਾਬ ਰਾਜ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 1.10.2019 ਤੋਂ ਜੀ.ਪੀ.ਫੰਡ ਦੇ ਅਡਵਾਂਸ ਦੇ ਬਿਲ ਅਤੇ 90% ਜੀ.ਪੀ.ਫੰਡ ਤੇ ਅੰਤਿਮ ਅਦਾਇਗੀ ਦੇ ਐਚ.ਆਰ.ਐਮ.ਐਸ. ਤੋਂ ਜਨਰੇਟ ਕੀਤੇ ਬਿਲ ਹੀ accept ਕੀਤੇ ਜਾਣ।

(signature)
ਡਿਪਟੀ ਡਾਇਰੈਕਟਰ (ਪੜਤਾਲ)

Scanned by CamScanner